# ਚੇਤਾਵਨੀ: ਚੋਣ ਪ੍ਰਚਾਰ ਕਰਨ ਦੀ ਮਨਾਹੀ ਹੈ!

**ਉਲੰਘਣਾਵਾਂ ਕਰਨ ਤੇ ਜੁਰਮਾਨਾ ਲਗਾਇਆ ਅਤੇ/ਜਾਂ ਕੈਦ ਕੀਤਾ ਜਾ ਸਕਦਾ ਹੈ।**

## ਕਿੱਥੇ:

- ਆਪਣੀ ਵੋਟ ਪਾਉਣ ਲਈ ਲਾਈਨ ਵਿੱਚ ਲੱਗੇ ਕਿਸੇ ਵਿਅਕਤੀ ਦੇ ਨਜ਼ਦੀਕ ਜਾਂ ਪੋਲਿੰਗ ਸਥਾਨ ਦੇ ਪ੍ਰਵੇਸ਼ ਦੁਆਰ, ਕਰਬਸਾਈਡ ਵੋਟਿੰਗ ਜਾਂ ਡ੍ਰੌਪ-ਬੌਕਸ ਦੇ 100 ਫੁੱਟ ਦੇ ਅੰਦਰ-ਅੰਦਰ ਹੇਠ ਲਿਖੀਆਂ ਗਤੀਵਿਧੀਆਂ ਕਰਨ ਦੀ ਮਨਾਹੀ ਹੈ।

## ਕਿਹੜੀਆਂ ਗਤੀਵਿਧੀਆਂ ਕਰਨ ਦੀ ਮਨਾਹੀ ਹੈ:

- ਕਿਸੇ ਵਿਅਕਤੀ ਨੂੰ ਕਿਸੇ ਉਮੀਦਵਾਰ ਜਾਂ ਬੈਲਟ ਵਿਧੇਅਕ ਦੇ ਪੱਖ ਜਾਂ ਵਿਰੁੱਧ ਵੋਟ ਪਾਉਣ ਲਈ *ਨਾ ਕਹੋ।*
- ਕਿਸੇ ਉਮੀਦਵਾਰ ਦਾ ਨਾਮ, ਚਿੱਤਰ ਜਾਂ ਲੋਗੋ ਪ੍ਰਦਰਸ਼ਿਤ *ਨਾ ਕਰੋ।*
- ਕਿਸੇ ਵੀ ਬੈਲਟ ਡ੍ਰੌਪ ਬਾਕਸ ਦੇ ਨੇੜੇ ਪਹੁੰਚ ਨੂੰ ਨਾ ਰੋਕੋ ਜਾਂ ਕੂੜਾ *ਨਾ ਫੈਲਾਓ।*
- ਕਿਸੇ ਵੀ ਪੋਲਿੰਗ ਸਥਾਨ, ਵੋਟ ਕੇਂਦਰ, ਜਾਂ ਬੈਲਟ ਡ੍ਰੌਪ ਬਾਕਸ ਦੇ ਨੇੜੇ ਕਿਸੇ ਵੀ ਉਮੀਦਵਾਰ ਜਾਂ ਬੈਲਟ ਵਿਧੇਅਕ ਦੇ ਪੱਖ ਵਿੱਚ ਜਾਂ ਇਸਦੇ ਵਿਰੁੱਧ ਕੋਈ ਸਮੱਗਰੀ ਜਾਂ ਸੁਣਨਯੋਗ ਜਾਣਕਾਰੀ ਪ੍ਰਦਾਨ *ਨਾ ਕਰੋ।*
- ਪਹਿਲਕਦਮੀਆਂ, ਜਨਮੱਤ, ਰੀਕਾੱਲ, ਜਾਂ ਉਮੀਦਵਾਰ ਦੀਆਂ ਨਾਮਜ਼ਦਗੀਆਂ ਸਮੇਤ ਕੋਈ ਵੀ ਪਟੀਸ਼ਨਾਂ ਨੂੰ ਪ੍ਰਸਾਰਿਤ *ਨਾ ਕਰੋ।*
- ਕਿਸੇ ਉਮੀਦਵਾਰ ਦਾ ਨਾਮ, ਤਸਵੀਰ, ਲੋਗੋ, ਅਤੇ/ਜਾਂ ਕਿਸੇ ਉਮੀਦਵਾਰ ਜਾਂ ਬੈਲਟ ਵਿਧੇਅਕ ਦਾ ਸਮਰਥਨ ਜਾਂ ਵਿਰੋਧ ਕਰਨ ਵਾਲੇ ਕਿਸੇ ਵੀ ਕੱਪੜੇ (ਟੋਪੀਆਂ, ਕਮੀਜ਼ਾਂ, ਚਿੰਨ੍ਹ, ਬਟਨਾਂ, ਸਟਿੱਕਰਾਂ) ਨੂੰ ਨਾ ਵੰਡੋ, ਪ੍ਰਦਰਸ਼ਿਤ ਨਾ ਕਰੋ ਜਾਂ ਨਾ ਪਾਓ।
- ਵੋਟ ਪਾਉਣ ਲਈ ਵੋਟਰ ਦੀ ਯੋਗਤਾ ਬਾਰੇ ਜਾਣਕਾਰੀ ਪ੍ਰਦਰਸ਼ਿਤ ਨਾ ਕਰੋ ਜਾਂ ਇਸ ਬਾਰੇ ਵੋਟਰ ਨਾਲ ਗੱਲਬਾਤ *ਨਾ ਕਰੋ।*

ਉੱਪਰ ਦੱਸੀਆਂ ਗਈਆਂ ਚੋਣ ਪ੍ਰਚਾਰ ਸੰਬੰਧੀ ਪਾਬੰਦੀਆਂ ਕੈਲੀਫੋਰਨੀਆ ਚੋਣ ਜ਼ਾਬਤੇ ਦੇ ਡਿਵੀਜ਼ਨ 18 ਦੇ ਚੈਪਟਰ 4 ਦੀ ਧਾਰਾ 7 ਵਿੱਚ ਦਿੱਤੀਆਂ ਗਈਆਂ ਹਨ।